**ਪ੍ਰਧਾਨ ਮੰਤਰੀ ਨੇ ਇਥੀਓਪੀਆ ਵਿੱਚ ਸੰਸਦ ਦੇ ਸੰਯੁਕਤ ਸੈਸ਼ਨ ਨੂੰ ਸੰਬੋਧਿਤ ਕੀਤਾ (17 ਦਸੰਬਰ, 2025)**

17 ਦਸੰਬਰ 2025

ਪ੍ਰਧਾਨ ਮੰਤਰੀ ਨੇ ਅੱਜ ਇਥੀਓਪੀਆ ਦੀ ਸੰਸਦ ਦੇ ਸੰਯੁਕਤ ਸੈਸ਼ਨ ਨੂੰ ਸੰਬੋਧਿਤ ਕੀਤਾ.ਇਹ ਪ੍ਰਧਾਨ ਮੰਤਰੀ ਨੂੰ ਦਿੱਤਾ ਗਿਆ ਇੱਕ ਵਿਸ਼ੇਸ਼ ਸਨਮਾਨ ਸੀ ਜੋ ਇਥੀਓਪੀਆ ਦੀ ਆਪਣੀ ਪਹਿਲੀ ਦੁਵੱਲੀ ਯਾਤਰਾ 'ਤੇ ਗਏ ਹੈ।

2. ਪ੍ਰਧਾਨ ਮੰਤਰੀ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਭਾਰਤ ਦੇ ਲੋਕਾਂ ਵੱਲੋਂ ਇਥੀਓਪੀਆ ਦੇ ਸੰਸਦ ਸਦੱਸਾਂ ਨੂੰ ਭਾਰਤ ਦੇ ਲੋਕਾਂ ਵਲੋਂ ਮਿੱਤਰਤਾ ਅਤੇ ਸਦਭਾਵਨਾ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਕੀਤੀ. ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਲਈ ਸੰਸਦ ਨੂੰ ਸੰਬੋਧਨ ਕਰਨਾ ਅਤੇ ਲੋਕਤੰਤਰ ਦੇ ਇਸ ਮੰਦਰ ਰਾਹੀਂ ਇਥੀਓਪੀਆ ਦੇ ਕਿਸਾਨਾਂ, ਉੱਦਮੀਆਂ, ਮਾਣਮੱਤੀ ਮਹਿਲਾਵਾਂ ਅਤੇ ਨੌਜਵਾਨਾਂ ਨਾਲ ਗੱਲ ਕਰਨਾ ਉਨ੍ਹਾਂ ਦੇ ਲਈ ਇੱਕ ਖ਼ੁਸ਼ਕਿਸਮਤੀ ਦੀ ਗੱਲ ਹੈ, ਜੋ ਦੇਸ਼ ਦੇ ਭਵਿੱਖ ਨੂੰ ਆਕਾਰ ਦੇ ਰਹੇ ਹਨ। ਉਨ੍ਹਾਂ ਨੇ ਇਥੀਓਪੀਆ ਦੇ ਲੋਕਾਂ ਅਤੇ ਸਰਕਾਰ ਦਾ ਉਨ੍ਹਾਂ ਨੂੰ ਉੱਚਤਮ ਪੁਰਸਕਾਰ 'ਗ੍ਰੇਟ ਆਨਰ ਨਿਸ਼ਾਨ ਆਫ਼ ਇਥੀਓਪੀਆ' ਦੇਣ ਲਈ ਧੰਨਵਾਦ ਦਿੱਤਾ। ਸੰਬੰਧਾਂ ਦੀ ਮਹੱਤਤਾ ਨੂੰ ਦੇਖਦੇ ਹੋਏ, ਪ੍ਰਧਾਨ ਮੰਤਰੀ ਨੇ ਡੂੰਘੀ ਸੰਤੁਸ਼ਟੀ ਪ੍ਰਗਟ ਕੀਤੀ ਕਿ ਯਾਤਰਾ ਦੇ ਦੌਰਾਨ ਦੋਵਾਂ ਦੇਸ਼ਾਂ ਵਿਚਕਾਰ ਦੇ ਸਦੀਆਂ-ਪੁਰਾਣੇ ਸੰਬੰਧਾਂ ਨੂੰ ਇੱਕ ਰਣਨੀਤਿਕ ਸਾਂਝੇਦਾਰੀ ਤੱਕ ਵਧਾਇਆ ਗਿਆ ਹੈ।

3. ਭਾਰਤ ਅਤੇ ਇਥੀਓਪੀਆ ਦੇ ਵਿਚਕਾਰ ਸਭਿਆਚਾਰਕ ਸੰਬੰਧਾਂ ਨੂੰ ਯਾਦ ਕਰਦੇ ਹੋਏ, ਪ੍ਰਧਾਨ ਮੰਤਰੀ ਨੇ  ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੋਵੇਂ ਦੇਸ਼ ਪ੍ਰਾਚੀਨ ਗਿਆਨ ਨੂੰ ਆਧੁਨਿਕ ਇੱਛਾਵਾਂ ਨਾਲ ਜੋੜਦੇ ਹਨ. ਇਸ ਸੰਦਰਭ ਵਿੱਚ, ਉਨ੍ਹਾਂ ਨੇ ਕਿਹਾ ਕਿ ਭਾਰਤ' ਦਾ ਰਾਸ਼ਟਰੀ ਗੀਤ "ਵੰਦੇ ਮਾਤਰਮ" ਅਤੇ ਇਥੀਓਪੀਆ ਦਾ ਰਾਸ਼ਟਰੀ ਗੀਤ ਦੋਵੇਂ ਆਪਣੀ ਧਰਤੀ ਨੂੰ ਮਾਂ ਵਜੋਂ ਸੰਬੋਧਿਤ ਕਰਦੇ ਹਨ। ਪ੍ਰਧਾਨ ਮੰਤਰੀ ਨੇ ਦੋਵਾਂ ਦੇਸ਼ਾਂ ਦੇ ਸਾਂਝੇ ਸੰਘਰਸ਼ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ 1941 ਵਿੱਚ ਇਥੋਪੀਆ ਦੀ ਮੁਕਤੀ ਲਈ ਭਾਰਤੀ ਫੌਜੀਆਂ ਨੇ ਉੱਥੋਂ ਦੇ ਫੌਜੀਆਂ ਨਾਲ ਮਿਲ ਕੇ ਲੜਾਈ ਵਿੱਚ ਆਪਣਾ ਯੋਗਦਾਨ ਦਿੱਤਾ ਸੀ. ਉਨ੍ਹਾਂ ਨੇ ਕਿਹਾ ਕਿ ਇਥੀਓਪੀਆ ਦੇ ਲੋਕਾਂ ਦੀਆਂ ਕੁਰਬਾਨੀਆਂ ਦੇ ਪ੍ਰਤੀਕ ਅਦਵਾ ਜਿੱਤ ਸਮਾਰਕ 'ਤੇ ਸ਼ਰਧਾਂਜਲੀ ਦੇਣਾ ਉਨ੍ਹਾਂ ਦੇ ਲਈ ਸਨਮਾਨ ਦੀ ਗੱਲ ਹੈ।

4. ਪ੍ਰਧਾਨ ਮੰਤਰੀ ਨੇ ਭਾਰਤ-ਇਥੀਓਪੀਆ ਸਾਂਝੇਦਾਰੀ ਨੂੰ ਵਧਾਉਣ ਅਤੇ ਵਧੇਰੇ ਮਜਬੂਤ ਬਣਾਉਣ ਲਈ ਭਾਰਤ ਦੀ ਵਚਨਬੱਧਤਾ ਪ੍ਰਗਟਾਈ. ਇਸ ਸੰਬੰਧ ਵਿੱਚ, ਉਨ੍ਹਾਂ ਨੇ ਇਥੀਓਪੀਆ ਦੇ ਵਿਕਾਸ ਅਤੇ ਖੁਸ਼ਹਾਲੀ ਲਈ ਭਾਰਤੀ ਅਧਿਆਪਕਾਂ ਅਤੇ ਭਾਰਤੀ ਕਾਰੋਬਾਰਾਂ ਦੇ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾਂ ਨੇ ਡਿਜ਼ੀਟਲ ਜਨਤਕ ਬੁਨਿਆਦੀ ਢਾਂਚੇ, ਫੂਡ ਪ੍ਰੋਸੈਸਿੰਗ ਅਤੇ ਨਵੀਨਤਾ ਦੇ ਖੇਤਰਾਂ ਸਮੇਤ ਭਾਰਤ ਦੇ ਵਿਕਾਸ ਅਨੁਭਵਾਂ ਨੂੰ ਸਾਂਝਾ ਕੀਤਾ, ਅਤੇ ਭਾਰਤਵਲੋਂ ਇਥੀਓਪੀਆ ਦੀਆਂ ਤਰਜੀਹਾਂ ਦੇ ਅਨੁਸਾਰ  ਨੂੰ ਆਪਣੀ ਵਿਕਾਸ ਸੰਬੰਧੀ ਸਹਾਇਤਾ ਜਾਰੀ ਰੱਖਣ ਲਈ ਭਾਰਤ ਦੀ ਤਿਆਰੀ ਪ੍ਰਗਟ ਕੀਤੀ। "ਵਸੁਧੈਵ ਕੁਟੁੰਬਕਮ" [ਸਾਰਾ ਸੰਸਾਰ ਇੱਕ ਪਰਿਵਾਰ ਹੈ] ਦੇ ਸਿਧਾਂਤ ਵਿੱਚ ਸਮਾਈ ਮਨੁੱਖਤਾ ਦੀ ਸੇਵਾ ਕਰਨ ਦੀ ਭਾਰਤ ਦੀ ਵਚਨਬੱਧਤਾ ਨੂੰ ਪ੍ਰਗਟ ਕਰਦੇ ਹੋਏ ਉਨ੍ਹਾਂ ਨੇ ਦੱਸਿਆ ਕਿ ਕੋਵਿਡ ਮਹਾਮਾਰੀ ਦੌਰਾਨ ਇਥੀਓਪੀਆ ਨੂੰ ਵੈਕਸੀਨ ਦੀ ਸਪਲਾਈ ਕਰਨਾ ਭਾਰਤ ਲਈ ਖ਼ੁਸ਼ਕਿਸਮਤੀ ਦੀ ਗੱਲ ਹੈ।

5. ਪ੍ਰਧਾਨ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਭਾਰਤ ਅਤੇ ਇਥੀਓਪੀਆ ਨੂੰ ਗਲੋਬਲ ਸਾਊਥ ਦੇ ਦੇਸ਼ਾਂ ਦੇ ਰੂਪ ਵਿੱਚ, ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਨੂੰ ਮਜ਼ਬੂਤ ਕਰਨ ਲਈ ਇਕੱਠੇ ਖੜ੍ਹੇ ਹੋਣਾ ਚਾਹੀਦਾ ਹੈ. ਉਨ੍ਹਾਂ ਅੱਤਵਾਦ ਵਿਰੁੱਧ ਵਿਸ਼ਵਵਿਆਪੀ ਲੜਾਈ ਨੂੰ ਮਜ਼ਬੂਤ ਕਰਨ ਵਿੱਚ ਇੱਕਜੁੱਟਤਾ ਦਿਖਾਉਣ ਲਈ ਇਥੀਓਪੀਆ ਦਾ ਧੰਨਵਾਦ ਕੀਤਾ।

6. ਅਫ਼ਰੀਕੀ ਏਕਤਾ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਅਫ਼ਰੀਕੀ ਯੂਨੀਅਨ ਦੇ ਮੁੱਖ ਦਫ਼ਤਰ, ਅੱਡੀਸ ਅਬਾਬਾ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਆਪਣੀ ਪ੍ਰਧਾਨਗੀ ਦੌਰਾਨ G20 ਵਿੱਚ ਅਫ਼ਰੀਕੀ ਯੂਨੀਅਨ ਦਾ ਸਥਾਈ ਸਦੱਸ ਦੇ ਤੌਰ 'ਤੇ ਸਵਾਗਤ ਕਰਨ ਦਾ ਸਨਮਾਨ ਮਿਲਿਆ ਸੀ. ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੇ 11 ਸਾਲਾਂ ਦੇ ਅੰਦਰ, ਭਾਰਤ-ਅਫਰੀਕਾ ਸੰਬੰਧ ਕਈ ਗੁਣਾ ਵੱਧ ਗਏ ਹਨ ਅਤੇ ਦੋਵਾਂ ਧਿਰਾਂ ਨੇ ਰਾਸ਼ਟਰੀ ਅਤੇ ਸਰਕਾਰ ਦੇ ਮੁਖੀਆਂ ਦੇ ਪੱਧਰ 'ਤੇ 100 ਤੋਂ ਵੱਧ ਦੌਰੇ ਕੀਤੇ ਹਨ. ਉਨ੍ਹਾਂ ਨੇ ਭਾਰਤ ਦੀ ਅਫਰੀਕਾ ਦੇ ਵਿਕਾਸ ਪ੍ਰਤੀ ਡੂੰਘੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਮਹਾਂਦੀਪ ਵਿੱਚ ਇੱਕ ਮਿਲੀਅਨ ਟ੍ਰੇਨਰ ਨੂੰ ਸਿਖਲਾਈ ਦੇਣ ਲਈ "ਅਫਰੀਕਾ ਸਕਿੱਲਸ ਮਲਟੀਪਲਾਇਰ ਇਨੀਸ਼ੀਏਟਿਵ" ਸ਼ੁਰੂ ਕਰਨ ਲਈ ਜੋਹਾਨਸਬਰਗ G-20 ਸਿਖਰ ਸੰਮੇਲਨ ਵਿੱਚ ਪੇਸ਼ ਕੀਤੇ ਆਪਣੇ ਪ੍ਰਸਤਾਵ 'ਤੇ ਜ਼ੋਰ ਦਿੱਤਾ.

7. ਪ੍ਰਧਾਨ ਮੰਤਰੀ ਨੇ ਇੱਕ ਸਾਥੀ ਲੋਕਤੰਤਰੀ ਦੇਸ਼ ਨਾਲ ਭਾਰਤ ਦੀ ਯਾਤਰਾ ਸਾਂਝੀ ਕਰਨ ਦਾ ਮੌਕੇ ਦੇਣ ਲਈ ਮਾਣਯੋਗਸਪੀਕਰ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਕਾਸਸ਼ੀਲ ਦੇਸ਼ ਆਪਣਾ ਭਵਿੱਖ ਖ਼ੁਦ ਲਿਖ ਰਹੇ ਹਨ.

ਅੱਡੀਸ ਅਬਾਬਾ

17 ਦਸੰਬਰ 2025